**ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ,ਪੰਜਾਬ,**
**ਐਸ. ਸੀ. ਓ ਨੰ. 104-106, ਸੈਕਟਰ 34 ਏ, ਚੰਡੀਗੜ੍ਹ**

ਵੱਲ :

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.), ਪੰਜਾਬ
ਸਮੂਹ ਮਿਡਲ, ਹਾਈ, ਸੀਨੀਅਰ ਸੈਕੰਡਰੀ ਸਕੂਲ ਮੁਖੀ, ਪੰਜਾਬ

ਮੀਮੋ ਨੰ :- ਸਸਅ/2012/ਐਮ.ਆਈ.ਐਸ./ਈ-ਪੰਜਾਬ/ ੪੧੪73
ਮਿਤੀ : ਚੰਡੀਗੜ੍ਹ ੦੯ ਦਸੰਬਰ, 2012

ਵਿਸ਼ਾ : **www.epunjabschool.gov.in ਵੈਬ-ਪੋਰਟਲ ਉੱਤੇ ਆਂਕੜੇ ਦਰਜ ਨਾ ਕਰਨ ਵਾਲੇ ਸਕੂਲ ਮੁਖੀਆਂ ਦੀ ਜਵਾਬ ਤਲਬੀ ਕਰਨ ਸਬੰਧੀ।**

1) ਇਹ ਪੱਤਰ ਇਸ ਦਫਤਰ ਵਲੋਂ ਜਾਰੀ ਪੱਤਰ ਨੰ : ਸਸਅ/2012/ਐਮ.ਆਈ.ਐਸ./ਈ-ਪੰਜਾਬ/88860 ਮਿਤੀ 20-11-12 ਅਤੇ ਸਸਅ/ 2012 /ਐਮ.ਆਈ.ਐਸ. /ਈ-ਪੰਜਾਬ /89406 ਮਿਤੀ 27-11-12 ਦੀ ਲਗਾਤਾਰਤਾ ਵਿਚ ਜਾਰੀ ਕੀਤਾ ਜਾ ਰਿਹਾ ਹੈ।

2) ਸਿੱਖਿਆ ਵਿਭਾਗ, ਪੰਜਾਬ ਵਲੋਂ ਵਿਦਿਆਰਥੀਆਂ, ਅਧਿਆਪਕਾਂ ਅਤੇ ਸਕੂਲ ਦੇ ਬੁਨਿਆਦੀ ਢਾਂਚੇ ਆਦਿ ਸਬੰਧੀ ਜਾਣਕਾਰੀ ਨੂੰ ਆਨਲਾਈਨ ਕਰਨ ਲਈ www.epunjabschool.gov.in ਨਾਂ ਦਾ ਵੈਬ-ਪੋਰਟਲ ਬਣਾਇਆ ਗਿਆ ਹੈ। ਇਸ ਪੋਰਟਲ ਅਧੀਨ ਹਰ ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲ ਨੂੰ Login ID ਅਤੇ password ਮੁਹਈਆ ਕਰਵਾਉਣ ਉਪਰੰਤ 30 ਨਵੰਬਰ, 2012 ਤੱਕ ਸਕੂਲ ਸਬੰਧੀ ਲੋੜੀਂਦੀ ਜਾਣਕਾਰੀ ਦਰਜ ਕਰਨ ਦੀ ਹਦਾਇਤ ਕੀਤੀ ਗਈ ਸੀ।

3) ਮੁੱਖ ਦਫਤਰ ਵਲੋਂ ਸਕੂਲਾਂ ਦੇ ਆਂਕੜਿਆਂ ਨੂੰ ਘੋਖਿਆ ਗਿਆ ਅਤੇ ਇਹ ਵੀ ਪਾਇਆ ਗਿਆ ਕਿ ਅਨੁੱਲਗ "ੳ" ਉੱਤੇ ਦਰਸਾਏ ਸਕੂਲਾਂ ਵਲੋਂ 30-11-2012 ਤੱਕ ਸਕੂਲ ਸਬੰਧੀ ਜਾਣਕਾਰੀ ਨੂੰ ਦਰਜ ਨਹੀਂ ਕੀਤਾ ਗਿਆ ਹੈ।

4) ਕੰਮ ਮੁਕੰਮਲ ਨਾ ਕਰਨ ਵਾਲੇ ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲ ਮੁਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਕੰਮ ਨਾ ਕਰਕੇ ਸਰਕਾਰੀ ਹਦਾਇਤਾਂ ਦੀ ਉਲੰਘਣਾ ਕਰਨ ਸਬੰਧੀ ਆਪਣਾ ਸਪਸ਼ਟੀਕਰਨ ਮਿਤੀ 06-12-2012 ਤੱਕ ਸਬੰਧਤ ਜਿਲ੍ਹਾ ਆਈ.ਸੀ.ਟੀ. ਕੁਆਰਡੀਨੇਟਰ, ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਨੂੰ ਜਮ੍ਹਾਂ ਕਰਵਾਉਣ। ਜਵਾਬ ਨਾ ਦੇਣ ਅਤੇ ਕੰਮ ਮੁਕੰਮਲ ਨਾ ਕਰਨ ਵਾਲੇ ਮੁਖੀਆਂ ਵਿਰੁਧ ਅਗਲੀ ਕਾਰਵਾਈ ਜਿਲ੍ਹੇ ਵਲੋਂ ਪ੍ਰਾਪਤ ਰਿਪੋਰਟ ਦੇ ਅਧਾਰ ਤੇ ਆਰੰਭੀ ਜਾਵੇਗੀ।

5) ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਇਨ੍ਹਾ ਸਕੂਲਾਂ ਦੇ ਮੁਖੀਆਂ ਤੋਂ ਪ੍ਰਾਪਤ ਸਪੱਸ਼ਟੀਕਰਨ ਨੂੰ ਆਈ.ਸੀ.ਟੀ. ਕੁਆਰਡੀਨੇਟਰ ਤੋਂ compile ਕਰਵਾ ਕੇ ਆਪਣੀ ਅਤੇ ਜਿਲ੍ਹਾ ਆਈ.ਸੀ.ਟੀ. ਕੁਆਰਡੀਨੇਟਰ ਦੀ ਟਿੱਪਣੀ ਸਮੇਤ ਇਹ ਰਿਪੋਰਟ ਦੋ ਦਿਨਾਂ ਦੇ ਅੰਦਰ (ਭਾਵ 7 ਦਸੰਬਰ, 2012 ਤੱਕ) ਈ-ਮੇਲ ਰਾਹੀਂ ਮੁੱਖ ਦਫਤਰ ਦੀ ਐਮ.ਆਈ.ਐਸ. ਸ਼ਾਖਾ (ਈ-ਮੇਲ epunjab.mis@gmail.com) ਨੂੰ ਭੇਜਣਾਂ ਯਕੀਨੀ ਬਨਾਉਣ।

**ਸਕੱਤਰ- ਕਮ - ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ**

**ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਜਾਣਕਾਰੀ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :-**

1) **ਜਿਲ੍ਹਾ ਐਮ.ਆਈ.ਐਸ. ਕੁਆਰਡੀਨੇਟਰ, ਪੰਜਾਬ**
2) **ਜਿਲ੍ਹਾ ਆਈ.ਸੀ.ਟੀ. ਕੁਆਰਡੀਨੇਟਰ, ਪੰਜਾਬ**